# ਖ਼ਤਮੇ ਨਬੂਵੱਤ ਦਾ ਇਨਕਾਰੀ ਕੌਣ ਹੈ?

## ਖ਼ਤਮੇ ਨਬੂਵੱਤ ਦੀ ਹਕੀਕਤ ਦਾ ਨਿਆਂ ਪੂਰਵਕ ਨਿਰੀਖਣ !


**ਲੇਖਕ**

**ਮੌਲਾਨਾ ਸ਼ਰੀਫ਼ ਅਹਮਦ ਅਮੀਨੀ ਮਰਹੂਮ**

**ਅਨੁਵਾਦਕ**

**ਗਿਆਨੀ ਸ਼ਮਸ਼ਾਦ ਅਹਮਦ ਅਦਨ**



**ਪ੍ਰਕਾਸ਼ਕ**

**ਨਜ਼ਾਰਤ ਨਸ਼ਰੋ ਇਸ਼ਾਅਤ**

**ਸਦਰ ਅੰਜੁਮਨ ਅਹਮਦੀਆ ਕਾਦੀਆਂ–143516**

**ਜ਼ਿਲਾ – ਗੁਰਦਾਸਪੁਰ (ਪੰਜਾਬ) ਭਾਰਤ**

## 1

ਇਸਲਾਮੀ ਭਰਾਓ ! ਹਰ ਮਨੁੱਖ ਦਾ ਧਰਮ ਅਤੇ ਅਕੀਦਾ ਉਹੋ ਹੁੰਦਾ ਹੈ ਜਿਸ ਦਾ ਉਹ ਆਪ ਇਕਰਾਰੀ ਹੁੰਦਾ ਹੈ ਅਤੇ ਉਸ ਨੂੰ ਵਰਨਣ ਕਰਦਾ ਹੈ, ਨ ਕਿ ਉਹ ਜੋ ਉਸਦੇ ਵੈਰੀ ਤੇ ਦੁਸ਼ਮਨ ਉਸ ਵੱਲ ਆਪਣੇ ਕੀਨਿਆਂ, ਸਾੜਿਆਂ, ਵੈਰ ਤੇ ਵਿਰੋਧ ਕਰਕੇ ਉਸ ਵੱਲ ਮੜ੍ਹਦੇ ਹਨ । ਅੱਜ ਅਹਮਦੀਆ ਮੁਸਲਿਮ ਜਮਾਤ ਨੂੰ ਉਸਦੇ ਵਿਰੋਧੀ ਕੇਵਲ ਸਾੜੇ, ਕੀਨੇ ਅਤੇ ਦੁਸ਼ਮਣੀ ਕਰਕੇ ਬਦਨਾਮ ਕਰ ਰਹੇ ਹਨ ਕਿ ਉਹ ਖ਼ਤਮੇ ਨਬੁਵੱਤ ਦੇ ਇਨਕਾਰੀ ਹਨ । ਫਿਰ ਇਸ ਤੇ ਜ਼ੁਲਮ ਇਹ ਕਿ ਅਹਮਦੀ ਮੁਸਲਮਾਨਾਂ ਦੇ ਵਿਰੋਧੀ ਆਪ ਹੀ ਮੁਦਈ ਅਤੇ ਆਪ ਹੀ ਜੱਜ ਬਣਕੇ ਅਹਮਦੀਆਂ ਵਿਰੁਧ ਫ਼ੈਸਲੇ ਦੇਕੇ ਉਹਨਾਂ ਉਪੱਰ ਜਬਰ, ਤਸ਼ਦੱਦ, ਅਤੇ ਅਤਿਆਚਾਰ ਜਾਰੀ ਰਖੱਦੇ ਹਨ । ਇਸਲਾਮ ਅਤੇ ਤਹਫ਼ੁੱਜ਼ ਖ਼ਤਮੇ ਨਬੁਵੱਤ ਦੇ ਨਾਂ ਤੇ ਉਹਨਾਂ ਨੂੰ ਜ਼ੁਲਮਾਂ ਦਾ ਨਿਸ਼ਾਨਾ ਬਣਾਉਂਦੇ ਹਨ । ਉਹਨਾਂ ਨਿਮਾਣਿਆਂ ਦੇ ਰਕਤ ਨਾਲ ਧਰਤੀ ਨੂੰ ਰੰਗ ਕੇ ਆਪਣੀ ਇਸ ਸੇਵਾ ਉਪੱਰ ਮਾਣ ਕਰਦੇ ਹਨ, ਜਦ ਕਿ ਨਿਆਂ ਤਾਂ ਇਹ ਸੀ ਕਿ ਦੂਜੇ ਧੜੇ ਅਰਥਾਤ ਅਹਮਦੀਆ ਮੁਸਲਿਮ ਜਮਾਤ, ਜਿਸ ਉਪੱਰ ਖ਼ਤਮੇ ਨਬੁਵੱਤ ਦੇ ਇਨਕਾਰੀ ਹੋਣ ਦਾ ਆਰੋਪ ਲਾਇਆ ਜਾਂਦਾ ਹੈ ਸਗੋਂ ਉਸਦੇ ਵਿਰੁਧ ਝੂਠ ਬੋਲਿਆ ਜਾਂਦਾ ਹੈ, ਦੀ ਵੀ ਗੱਲ ਸੁਣਨ ਅਤੇ ਉਸ ਦੇ ਦ੍ਰਿਸ਼ਟੀਕੋਣ ਦਾ ਵੀ ਪਤਾ ਲਾਉਣ । ਕੇਵਲ ਇਕ ਪੱਖੀ ਡਿਗਰੀ ਅਤੇ ਫਿਰ ਆਪੂੰ ਹੀ ਜਬਰ, ਨਿਆਂ ਦੀ ਦੁਨੀਆ ਵਿੱਚ ਜਾਇਜ਼ ਨਹੀਂ । ਇਹ ਜ਼ੁਲਮ ਤੇ ਅਤਿਆਚਾਰ, ਇਸਲਾਮ ਦੀ ਪੁਰ ਅਮਨ ਅਤੇ ਪਵਿਤੱਰ ਸਿੱਖਿਆਵਾਂ ਦੇ ਖ਼ਿਲਾਫ਼ ਹੈ। ਪਰ ਇਹ ਕੋਈ ਨਵੀਂ ਗੱਲ ਨਹੀਂ । ਕੁਰਆਨ ਮਜੀਦ ਤੋਂ ਪਤਾ ਲਗਦਾ ਹੈ ਕਿ ਹਰ ਇਕ ਨਬੀ, ਰਸੂਲ, ਅਵਤਾਰ ਅਤੇ ਸੁਧਾਰਕ ਦੇ ਕਾਲ ਵਿੱਚ ਵਿਰੋਧੀਆਂ ਨੇ ਆਪਣੀ ਬਹੁ ਗਿਣਤੀ ਅਤੇ ਰਾਜਪਾਠ ਤੇ ਸਤੱਾ ਦੇ ਘਮੰਡ ਵਿੱਚ ਆਪਣੇ ਸਮੇਂ ਦੇ ਨਬੀ ਅਤੇ ਉਸਦੇ ਪੈਰੋਕਾਰਾਂ ਖ਼ਿਲਾਫ਼ ਇਸੇ ਕੂੜ ਕੁਸਤ(ਝੂਠ) ਅਤੇ ਜ਼ੁਲਮ ਤੇ ਅਤਿਆਚਾਰ ਦੇ ਢੰਗ ਨੂੰ ਅਪਣਾਇਆ । ਪਰ ਇਸ ਦੇ ਨਾਲ ਹੀ ਇਹ ਵੀ ਇਕ

ਇਤਿਹਾਸਕ ਹਕੀਕਤ ਹੈ ਕਿ ਅੰਤ ਨੂੰ ਝੂਠ ਦੇ ਬਦੱਲ ਉੱਡ ਪੁੱਡ ਗਏ ਅਤੇ ਹੱਕ ਤੇ ਸਚੱਾਈ ਦੀ ਜਿੱਤ ਹੋਈ । ਅਲੱਾਹ ਤਆਲਾ ਵੱਲੋਂ ਨਿਯੁਕਤ ਨਬੀ ਤੇ ਰਸੂਲ ਆਪਣੇ ਨੇਕ ਮੰਤਵਾਂ ਵਿੱਚ ਸਫ਼ਲ ਹੋਏ । ਇਸੇ ਪ੍ਰਕਾਰ ਹਰ ਅਹਮਦੀ ਮੁਸਲਮਾਨ ਨੂੰ ਪੂਰਨ ਵਿਸ਼ਵਾਸ ਹੈ ਕਿ ਅਜਿਹਾ ਹੀ ਇਸ ਯੁੱਗ ਵਿੱਚ ਵੀ ਹੋਵੇਗਾ ਕਿ ਅੰਤ ਸਚੱਾਈ ਝੂਠ ਉਪੱਰ ਗ਼ਾਲਬ ਆਵੇਗੀ । ਇੰਸ਼ਾ ਅਲੱਾਹ । ਕਿਉਂਕਿ ਇਹ ਜਮਾਤ ਵੀ ਹਜ਼ਰਤ ਮੁਹਮੱਦ ਸਲੱਲੱਾਹੋ ਅਲੈਹਿ ਵਸਲੱਮ ਦੀਆਂ ਭਵਿਖਬਾਣੀਆਂ ਅਨੁਸਾਰ ਰੱਬ ਵੱਲੋਂ ਨਿਰਧਾਰਤ ਹੋਏ ਇਮਾਮ ਮਹਦੀ ਅਤੇ ਮਸੀਹ ਮਊਦ ਅਲੈਹਿ ਸਲਾਮ ਦੀ ਜਮਾਤ ਹੈ । ਇਸ ਲਈ ਆਓ ਹੁਣ ਅਸੀਂ ਖ਼ਤਮੇ ਨਬੁਵੱਤ ਦੇ ਮਸਲੇ ਦਾ ਇਕ ਹਕੀਕਤ ਭਰਪੂਰ ਨਿਰੀਖਣ ਕਰੀਏ ।

## 2

ਅਲੱਾਹ ਤਆਲਾ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਕੁਰਆਨ ਮਜੀਦ ਵਿੱਚ (خَاتَمُ النَّبِيِّيْنَ) 'ਖ਼ਾਤਾਮਨ ਨਬੀੱਯੀਨ' (ਅਰਥਾਤ ਨਬੀਆਂ ਦੇ ਸਰਤਾਜ, ਮੁਹਰ ਅਤੇ ਅਖ਼ੀਰਲੀ ਸੰਪੂਰਨ ਸ਼ਰੀਅਤ ਵਾਲੇ ਨਬੀ)ਆਖਿਆ ਹੈ ਅਤੇ ਹਰ ਮੁਸਲਮਾਨ ਆਪ ਜੀ ਦੀ ਖ਼ਤਮੇ ਨਬੁਵੱਤ ਉਪੱਰ ਈਮਾਨ ਰਖਦਾ ਹੈ । ਇਸੇ ਪ੍ਰਕਾਰ ਅਹਮਦੀਆ ਮੁਸਲਿਮ ਜਮਾਤ ਜੋ ਅਲੱਾਹ ਤਆਲਾ ਦੀ ਅਪਾਰ ਕਿਰਪਾ ਹੇਠ ਕਲਿਮਹ ਤੱਯੇਬਹ,(لَآ اِلٰهَ اِلَّا اللّٰهُ مُحَمَّدٌ رَّسُوْلُ اللّٰه)'ਲਾ ਇਲਾਹਾ ਇਲਲੱਾਹੋ ਮੁਹਮੱਾਦੁਰ ਰਸੂਲੁਲੱਾਹੇ' ਉਪੱਰ ਈਮਾਨ ਰੱਖਦੀ ਹੈ । ਕੁਰਆਨ ਮਜੀਦ ਨੂੰ ਇਕ ਸੰਪੂਰਨ ਅਤੇ ਸਦੈਵੀ ਸ਼ਰੀਅਤ ਮੰਨ੍ਹਦੀ ਹੈ । ਹਜ਼ਰਤ ਰਸੂਲੇ ਕਰੀਮ ਸਲਲੱਾਹੋ ਅਲੈਹਿ ਵਸਲੱਮ ਨੂੰ ਖ਼ਾਤਾਮੰਨਬੀੱਯੀਨ ਵਿਸ਼ਵਾਸ ਕਰਦੀ ਹੈ । ਕੋਈ ਵਿਅਕਤੀ ਸਿਲਸਿਲਾ ਅਹਮਦੀਆ ਵਿੱਚ ਦਾਖ਼ਲ ਨਹੀਂ ਹੋ ਸਕਦਾ ਜੱਦ ਤੱਕ ਉਹ ਬੈਅਤ ਕਰਦਿਆਂ ਸਮੇਂ ਲਿਖਤੀ ਤੇ ਜ਼ਬਾਨੀ ਇਹ ਇਕਰਾਰ ਨ ਕਰੇ ਕਿ ਉਹ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਨੂੰ ਖ਼ਾਤਾਮੰਨਬੀੱਯੀਨ ਯਕੀਨ ਕਰਦਾ ਹੈ । ਅਹਮਦੀਆ ਮੁਸਲਿਮ ਜਮਾਤ ਵਿੱਚ ਦਾਖ਼ਲ ਹੋਣ ਲਈ ਬੈਅਤ ਫ਼ਾਰਮ ਛੱਪਿਆ ਹੋਇਆ ਮੌਜੂਦ ਹੈ । ਹਰ ਨਿਆਂ ਪਸੰਦ ਮਨੁੱਖ ਇਸ ਨੂੰ ਦੇਖ ਤੇ ਪੜ੍ਹ ਸਕਦਾ ਹੈ । ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਹੱਠ ਅਤੇ ਵੈਰ ਕਰਕੇ ਅਹਮਦੀ

ਮੁਸਲਮਾਨਾਂ ਉਪੱਰ ਆਰੋਪ ਲਾਉਣਾ ਕਿ ਉਹ ਨਾਊਜ਼ ਬਿਲੱਾਹ, ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਨੂੰ ਖ਼ਾਤਾਮਨ ਨਬੀੱਯੀਨ ਨਹੀਂ ਮਨਦੇ ਜਾਂ ਖ਼ਤਮੇ ਨਬੁਵੱਤ ਦੇ ਇਨਕਾਰੀ ਹਨ। ਅਹਮਦੀ ਮੁਸਲਮਾਨਾਂ ਉਪੱਰ ਜਾਣਬੁਝ ਕੇ ਜ਼ੁਲਮ, ਹੱਕ ਤੇ ਨਿਆਂ ਦਾ ਘਾਤ ਕਰਨਾ ਹੈ। ਸਚੱਾਈ ਅਤੇ ਹਕੀਕਤ ਨੂੰ ਕਦੋਂ ਤੱਕ ਝੁਠਲਾਇਆ ਜਾ ਸਕਦਾ ਹੈ ?

**3**

ਮਿਤੱਰੋ ! ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਕਾਦੀਆਨੀ ਬਾਨੀ ਅਹਮਦੀਆ ਮੁਸਲਿਮ ਜਮਾਤ, ਹਜ਼ਰਤ ਮੁਹਮੱਦ ਮੁਸਤਫ਼ਾ ਅਹਮਦੇ ਮੁਜਤਬਾ ਖ਼ਾਤਾਮਨ ਨਬੀੱਯੀਨ ਸਲਲੱਾਹੋ ਅਲੈਹਿ ਵਸਲੱਮ ਦੀ ਖ਼ਤਮੇ ਨਬੁਵੱਤ ਬਾਰੇ ਆਪਣਾ ਕੀ ਅਕੀਦਾ (ਆਸਥਾ) ਵਰਨਣ ਕਰਦੇ ਹਨ ਅਤੇ ਆਪਣੀ ਜਮਾਤ ਨੂੰ ਕੀ ਸਿੱਖਿਆ ਦਿੰਦੇ ਹਨ ਉਸ ਬਾਰੇ ਉਹਨਾਂ ਦੀਆਂ ਕੁਝ ਇਕ ਲਿਖਤਾਂ ਦਾ ਅਧਿਅਨ ਕਰੀਏ। ਆਪ ਜੀ ਫ਼ਰਮਾਉਂਦੇ ਹਨ. :-

1. "ਹੁਣ ਮੈਂ ਵਿਸਥਾਰ ਨਾਲ ਮੁਸਲਮਾਨਾਂ ਦੇ ਸਾਹਮਣੇ ਸਪਸ਼ਟ ਰੂਪ ਵਿੱਚ ਇਸ ਰੱਬ ਦੇ ਘਰ (ਜਾਮਾ ਮਸਜਿਦ ਦਿੱਲੀ) ਵਿੱਚ ਇਕਰਾਰ ਕਰਦਾ ਹਾਂ ਕਿ ਮੈਂ ਜਨਾਬੇ ਖ਼ਾਤਾਮੁਲ ਅੰਬਿਆ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦੀ ਖ਼ਤਮੇ ਨਬੁਵੱਤ ਦਾ ਮਨਣ ਵਾਲਾ ਹਾਂ ਅਤੇ ਜੋ ਮਨੁੱਖ ਖ਼ਤਮੇ ਨਬੁਵੱਤ ਦਾ ਇਨਕਾਰੀ ਹੋਵੇ ਉਸ ਨੂੰ ਬੇ-ਦੀਨ ਅਤੇ ਇਸਲਾਮ ਵਿੱਚੋਂ ਖ਼ਾਰਜ ਸਮਝਦਾ ਹਾਂ।" (ਤਕਰੀਰ ਵਾਜਿਬੁਲ ਐਲਾਨ ਜਾਮਾ ਮਸਜਿਦ ਦਿਲੀ, **23** ਅਕਤੂਬਰ **1891** ਈ.)

2. "ਮੈਨੂੰ ਅਲੱਾਹ ਦੇ ਮਾਣ ਤੇ ਜਲਾਲ ਦੀ ਸਹੁੰ ਹੈ ਕਿ ਮੈਂ ਕਾਫ਼ਰ ਨਹੀਂ। (لَآاِلٰہَ اِلااللّٰہُ مُحَمَّدٌرَّسُوْلُ اللّٰہ) "ਲਾਇਲਾਹਾ ਇਲਲੱਾਹੋ ਮੁਹਮੱਾਦੁਰ ਰਸੂਲੁਲੱਾਹੇ" ਉਪੱਰ ਮੇਰਾ ਅਕੀਦਾ ਹੈ ਅਤੇ (ولکن رسواللّٰہوخاتم النبیین) "ਵਲਾਕਿਨ ਰਸੂਲੁਲੱਾਹੇ ਵ ਖ਼ਾਤਾਮਨ ਨਬੀੱਯੀਨ" 'ਤੇ ਆਂਹਜ਼ਰਤ ਸਲਲੱਾਹੋ

ਅਲੈਹਿ ਵਸਲੱਮ ਬਾਰੇ ਮੇਰਾ ਈਮਾਨ ਹੈ ।” (ਕਿਰਾਮਾਤੁਸੱਾਦਿਕੀਨ ਪੰਨਾ 25, ਸਨ 1894 ਈ.)

3. “ਮੈਂਨੂੰ ਰੱਬ ਦੇ ਜਾਹੋ ਜਲਾਲ ਦੀ ਸਹੁੰ, ਕਿ ਮੈਂ ਮੁਸਲਮਾਨ ਹਾਂ ਅਤੇ ਅਲੱਾਹ ਤਆਲਾ ਅਤੇ ਉਸ ਦੀਆਂ ਕਿਤਾਬਾਂ, ਉਸਦੇ ਸਾਰੇ ਰਸੂਲਾਂ (ਅਵਤਾਰਾਂ) , ਉਸਦੇ ਸਾਰੇ ਫ਼ਰਿਸ਼ਤਿਆਂ ਅਤੇ ਮੌਤ ਮਗਰੋਂ ਫਿਰ ਜੀਉਂਦੇ ਕੀਤੇ ਜਾਣ ਉਪੱਰ ਵਿਸ਼ਵਾਸ ਰੱਖਦਾ ਹਾਂ, ਅਤੇ ਮੈਂ ਇਹ ਵੀ ਵਿਸ਼ਵਾਸ ਰਖੱਦਾ ਹਾਂ ਕਿ ਸਾਡੇ ਰਸੂਲ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੋ ਅਲੈਹਿ ਵਸਲੱਮ ਸਾਰਿਆਂ ਰਸੂਲਾਂ ਤੋਂ ਅਫ਼ਜ਼ਲ ਤੇ ਖ਼ਤਾਮੁਲ ਅੰਬਿਆ ਹਨ ।” (ਹਮਾਮਾਤੁਲ ਬੁਸ਼ਰਾ, ਪੰਨਾ 8)

4. “ਸਾਡਾ ਈਮਾਨ (ਵਿਸ਼ਵਾਸ) ਹੈ ਕਿ ਸਾਡੇ ਸਯੱਦੋ ਮੌਲਾ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਖ਼ਾਤਾਮੁਲ ਅੰਬਿਆ ਹਨ ਅਤੇ ਅਸੀਂ ਫ਼ਰਿਸ਼ਤਿਆਂ, ਚਮਤਕਾਰਾਂ ਅਤੇ ਅਹਿਲੇ ਸੁਨੱਤ ਦੇ ਸਾਰੇ ਅਕੀਦਿਆਂ ਦੇ ਮਨਣ ਵਾਲੇ ਹਾਂ ।” (ਕਿਤਾਬੁਲ ਬਰੀਯਹ ਪੰਨਾ–83 ਹਾਸ਼ੀਆ)

5. “ਅਸੀਂ ਇਸ ਗੱਲ ਤੇ ਈਮਾਨ ਲਿਆਉਂਦੇ ਹਾਂ ਕਿ ਰੱਬ ਤੋਂ ਬਿਨਾਂ ਹੋਰ ਕੋਈ ਇਬਾਦਤ ਯੋਗ ਨਹੀਂ ਅਤੇ ਸਯੱਦਨਾ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਉਸਦੇ ਰਸੂਲ ਅਤੇ ਖ਼ਤਾਮੁਲ ਅੰਬਿਆ ਹਨ ।” (ਅਯੱਾਮੇ ਸੁਲਾਹ, ਪੰਨਾ–86)

6. “ਮੇਰੇ ’ਤੇ ਅਤੇ ਮੇਰੀ ਜਮਾਤ ’ਤੇ ਜੋ ਇਹ ਆਰੋਪ ਲਾਇਆ ਜਾਂਦਾ ਹੈ ਕਿ ਅਸੀਂ ਰਸੂਲੁਲੱਾਹ ਸਲਲੱਾਹੋ ਅਲੈਹਿ ਵਸਲੱਮ ਨੂੰ ਖ਼ਾਤਾਮਨ ਨਬੀੱਯੀਨ ਨਹੀਂ ਮਨਦੇ । ਇਹ ਸਾਡੇ ਉੱਤੇ ਵੱਡੀ ਤੁਹਮਤ (ਊਝ) ਲਾਈ ਜਾਂਦੀ ਹੈ। ਅਸੀਂ ਜਿਸ ਬਲ, ਵਿਸ਼ਵਾਸ ਅਤੇ ਮਾਅਰਫ਼ਤ ਨਾਲ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਨੂੰ ਖ਼ਾਤਾਮੁਲ ਅੰਬਿਆ ਮਨਦੇ ਅਤੇ ਵਿਸ਼ਵਾਸ ਕਰਦੇ ਹਾਂ, ਉਸਦਾ ਲੱਖਵਾਂ ਭਾਗ ਵੀ ਉਹ ਲੋਕ ਨਹੀਂ ਮਨਦੇ ।” (ਅਲਹਕਮ 17 ਮਾਰਚ 1905)

7. "ਸਾਰੀ ਮਨੁਖੱ ਜਾਤੀ ਲਈ ਹੁਣ ਕੋਈ ਰਸੂਲ ਅਤੇ ਸਫ਼ਾਰਸ਼ੀ ਨਹੀਂ , ਪਰ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੋ ਅਲੈਹਿ ਵਸੱਲਮ । ਇਸ ਲਈ ਤੁਸੀਂ ਜਤਨ ਕਰੋ ਕਿ ਸਚੱਾ ਪ੍ਰੇਮ ਉਸ ਜਾਹੋ ਜਲਾਲ ਦੇ ਨਬੀ ਅਲੈਹਿ ਸਲਾਮ ਨਾਲ ਰੱਖੋ ਅਤੇ ਉਸ ਤੋਂ ਬਿਨਾਂ ਕਿਸੇ ਹੋਰ ਨਬੀ ਨੂੰ ਉਸ ਤੇ ਕਿਸੇ ਪ੍ਰਕਾਰ ਦੀ ਵੱਡਿਆਈ ਨ ਦਿਓ । ... ਨਜਾਤ (ਮੁਕਤੀ) ਪ੍ਰਾਪਤ ਕੌਣ ਹੈ ? ਉਹ ਜੋ ਵਿਸ਼ਵਾਸ ਰਖੱਦਾ ਹੈ ਕਿ ਖ਼ੁਦਾ ਸਚੱ ਹੈ ਅਤੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੋ ਅਲੈਹਿ ਵਸਲੱਮ ਉਸ ਵਿੱਚ ਅਤੇ ਸਾਰੀ ਮਖ਼ਲੂਕ ਵਿੱਚ ਸਫ਼ਾਰਸ਼ੀ ਹਨ ਅਤੇ ਅਕਾਸ਼ ਹੇਠ ਉਸਦੇ ਬਰਾਬਰ ਕੋਈ ਰਸੂਲ ਨਹੀਂ ਅਤੇ ਕੁਰਆਨ ਕਰੀਮ ਦੇ ਬਰਾਬਰ ਕੋਈ ਕਿਤਾਬ ਨਹੀਂ । ਕਿਸੇ ਲਈ ਰੱਬ ਨੇ ਨਹੀਂ ਚਾਹਿਆ ਕਿ ਉਹ ਸਦੀਵੀਂ ਜੀਉਂਦਾ ਰਹੇ, ਪਰ ਇਹ ਮਹਾਨ ਨਬੀ ਹਮੇਸ਼ਾਂ ਲਈ ਜੀਉਂਦਾ ਹੈ ।" (ਕਸ਼ਤੀ ਏ ਨੂਹ ਪੰਨਾ 14 ਪਹਿਲਾ ਛਾਪਾ)

8. " ਸੋ, ਹੇ! ਸਾਰੀ ਮਨੁੱਖੀ ਆਤਮਾਓ, ਜੋ ਪੂਰਬ ਅਤੇ ਪਛੱਮ ਵਿੱਚ ਵਸਦੀਆਂ ਹੋ, ਮੈਂ ਪੂਰੇ ਜ਼ੋਰ ਨਾਲ ਤੁਹਾਨੂੰ ਇਸ ਵੱਲ ਸਦੱਾ ਦਿੰਦਾ ਹਾਂ ਕਿ ਹੁਣ ਧਰਤੀ ਉਪੱਰ ਸਚੱਾ ਧਰਮ ਕੇਵਲ ਇਸਲਾਮ ਹੀ ਹੈ ਅਤੇ ਸਚੱਾ ਖ਼ੁਦਾ ਵੀ ਉਹੋ ਖ਼ੁਦਾ ਹੈ ਜੋ ਕੁਰਆਨ ਨੇ ਵਰਨਣ ਕੀਤਾ ਹੈ । ਸਦੀਵੀਂ ਰੂਹਾਨੀ ਜੀਵਨ ਵਾਲੇ ਨਬੀ ਅਤੇ ਜਲਾਲ ਤੇ ਤਕਦੁੱਸ (ਪਵਿਤੱਰਤਾ ) ਦੇ ਤਖ਼ਤ (ਸਿੰਘਾਸਨ) ਉਪੱਰ ਬੈਠਣ ਵਾਲੇ ਨਬੀ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸੱਲਮ ਹਨ ।" (ਤਿਰਯਾਕੁਲ ਕੁਲੂਬ ਪੰਨਾ 6 ਪਹਿਲਾ ਛਾਪਾ)

ਅਹਮਦੀਆ ਮੁਸਲਿਮ ਜਮਾਤ ਦੇ ਬਾਨੀ ਦੀਆਂ ਉਪਰੋਕਤ ਹਲਫ਼ੀਆ ਲਿਖੱਤਾਂ ਨੂੰ ਪੜ੍ਹ ਕੇ ਹਰ ਇਕ ਸੂਝਵਾਨ ਅਤੇ ਨਿਆਂ ਪਸੰਦ ਮਨੁੱਖ ਇਸ ਸਿੱਟੇ ਤੇ ਪਹੁੰਚੇਗਾ ਕਿ ਹਜ਼ਰਤ ਇਮਾਮ ਮਹਦੀ ਅਲੈਹਿ ਸਲਾਮ ਅਤੇ ਆਪਦੀ ਜਮਾਤ ਨੇਕ ਨਿਯੱਤੀ ਤੇ ਸੱਚੇ ਮਨ ਨਾਲ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਨੂੰ ਖ਼ਾਤਾਮਨ ਨਬੀੱਯੀਨ ਮਨਦੀ ਹੈ ਅਤੇ ਆਪ ਦੀ ਖ਼ਤਮੇ ਨਬੁਵੱਤ ਦੀ ਨ ਕੇਵਲ ਕਾਇਲ ਹੈ ਸਗੋਂ ਖ਼ਤਮੇ ਨਬੁਵੱਤ ਦੇ ਇਨਕਾਰੀ ਨੂੰ ਬੇ-ਦੀਨ ਅਤੇ ਇਸਲਾਮ ਤੋਂ ਖ਼ਾਰਜ

ਸਮਝਦੇ ਹੈ । ਇਹਨਾਂ ਲਿਖੱਤਾਂ ਦੇ ਨਿਰੀਖਣ ਤੋਂ ਹਰ ਨਿਆਂ ਪਰੁਖ ਇਹ ਅਨੁਮਾਨ ਲਗਾ ਸਕਦਾ ਹੈ ਕਿ ਗ਼ੈਰ ਅਹਮਦੀ ਮੌਲਵੀਆਂ ਨੇ ਅਹਮਦੀ ਮੁਸਲਮਾਨਾਂ ਨੂੰ ਖ਼ਤਮੇ ਨਬੁਵੱਤ ਦਾ ਇਨਕਾਰੀ ਕਹਿਣ ਵਿੱਚ ਜਾਣਬੁਝ ਕੇ ਸਚੱਾਈ ਨੂੰ ਲੁਕਾਕੇ ਬੇਇੰਸਾਫ਼ੀ ਅਤੇ ਅਤਿਆਚਾਰ ਦਾ ਮਾਰਗ ਫੜਿਆ ਹੋਇਆ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਨ ਅਤੇ ਉਹਨਾਂ ਦੇ ਧਾਰਮਕ ਜਜ਼ਬਿਆਂ ਨੂੰ ਭੜਕਾਉਣ ਲਈ ਝੂਠ ਤੋਂ ਕੰਮ ਲੈ ਰਹੇ ਹਨ । ਸੰਭਵਤਾ, ਉਹਨਾ ਗ਼ੈਰ ਅਹਮਦੀਆਂ ਨੇੜੇ ਆਪਣੇ ਪ੍ਰਸਿੱਧ ਮੌਲਾਨਾ ਰਸ਼ੀਦ ਅਹਮਦ ਗੰਗੋਹੀ ਦਾ ਇਹ ਫ਼ਤਵਾ ਹੋਵੇਗਾ ਕਿ ਧਰਮ ਨੂੰ ਜੀਵਤ ਰੱਖਣ ਲਈ ਝੂਠ ਬੋਲਣਾ ਠੀਕ ਹੈ, ਪਰ ਜਿੱਥੋਂ ਤੱਕ ਸੰਭਵ ਹੋਵੇ ਝੂਠ ਤੋਂ ਬਚੇ । ਜੇਕਰ ਲਾਚਾਰ ਹੋਵੇ ਤਾਂ ਬੇਸ਼ਕ ਝੂਠ ਬੋਲੇ । (ਫ਼ਤਾਵਾ ਰਸ਼ੀਦੀਆ ਪੰਨਾ 460)

**4**

ਪਿਆਰੇ ਪਾਠਕੋ ! ਇਹ ਗੱਲ ਹਕੀਕਤ ਹੈ ਕਿ ਸਾਰੇ ਮੁਸਲਮਾਨ ਜਿੰਨ੍ਹਾ ਵਿੱਚ ਅਹਮਦੀ ਮੁਸਲਮਾਨ ਵੀ ਸ਼ਾਮਲ ਹਨ ਕੁਰਆਨ ਮਜੀਦ ਉਪੱਰ ਈਮਾਨ ਰਖੱਦੇ ਹਨ । ਉਸਨੂੰ ਸੰਪੂਰਨ ਤੇ ਸਦੀਵੀਂ ਸ਼ਰੀਅਤ ਮਨਦੇ ਹਨ, ਅਤੇ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਨੂੰ ਖ਼ਤਾਮਨ ਨਬੀੱਯੀਨ ਮਨਦੇ ਹਨ । ਪਰ ਇਸ ਵਿਸ਼ਵਾਸ ਦੇ ਹੁੰਦਿਆਂ ਹੋਇਆਂ ਵੀ ਅਹਮਦੀਆ ਮੁਸਲਿਮ ਜਮਾਤ ਦੇ ਇਲਾਵਾ ਹੋਰਨਾ ਮੁਸਲਮਾਨ ਮੌਲਵੀਆਂ ਅਤੇ ਆਮ ਮੁਸਲਮਾਨ ਇਹ ਵਿਸ਼ਵਾਸ ਰੱਖਦੇ ਹਨ ਕਿ :-

(ੳ) ਹਜ਼ਰਤ ਈਸਾ ਅਲੈਹਿ ਸਲਾਮ ਜੋ ਨਬੀ ਸਨ, ਦੋ ਹਜ਼ਾਰ ਵਰ੍ਹਿਆਂ ਤੋਂ ਅਕਾਸ਼ ਉਪੱਰ ਸੰਸਾਰਕ ਸ਼ਰੀਰ ਨਾਲ ਜੀਉਂਦੇ ਹਨ ਅਤੇ ਇਸ ਸਾਰੇ ਸਮੇਂ ਵਿੱਚ ਉਹਨਾਂ ਅੰਦਰ ਕੋਈ ਸ਼ਰੀਰਕ ਤਬਦੀਲੀ ਨਹੀਂ ਆਈ । ਉਹ ਇਸ ਜ਼ਮਾਨੇ ਵਿੱਚ ਅਕਾਸ਼ ੋਤੋਂ ਪ੍ਰਗਟ ਹੋਣਗੇ ਅਤੇ ਇਸਲਾਮ ਧਰਮ ਦੀ ਸੇਵਾ ਅਤੇ ਪ੍ਰਕਾਸ਼ਨਾ ਕਰਨਗੇ । ਭਾਵ ਉਹ ਆਪ ਇਕ ਨਬੀ ਦੇ ਆਉਣ ਬਾਰੇ ਵਿਸ਼ਵਾਸ ਰਖੱਦੇ ਹਨ । ਜੇਕਰ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਬਾਦ ਕਿਸੇ ਨਬੀ ਦੀ ਲੋੜ ਨਹੀਂ ਸੀ ਤਾਂ ਫਿਰ ਦੋ ਹਜ਼ਾਰ ਵਰ੍ਹਿਆਂ ਤੋਂ ਰੱਬ ਨੇ ਹਜ਼ਰਤ ਈਸਾ ਅਲੈਹਿ ਸਲਾਮ ਨੂੰ

ਕਿਸ ਲਈ ਸੰਭਾਲਕੇ ਰੱਖਿਆ ਹੈ ? ਕਿ ਉਹ ਉਸਨੂੰ ਇਸ ਜ਼ਮਾਨੇ ਵਿੱਚ ਪ੍ਰਗਟ ਕਰੇ ।

(ਅ) ਹਜ਼ਰਤ ਈਸਾ ਅਲੈਹਿ ਸਲਾਮ ਦੇ ਨਾਲ ਇਸ ਉਮੱਤੇ ਮੁਹਮੱਦੀਆ ਵਿੱਚੋਂ ਇਕ ਇਮਾਮ ਮਹਦੀ ਵੀ ਪ੍ਰਗਟ ਹੋਣਗੇ । ਇਹਨਾ ਦੋਹਾਂ ਰਾਹੀਂ ਇਸਲਾਮ ਨੂੰ ਹੋਰਨਾ ਧਰਮਾਂ ਉਪੱਰ ਗ਼ਲਬਾ ਪ੍ਰਾਪਤ ਹੋਵੇਗਾ ।

(ੲ) ਚੌਦਵੀਂ ਸਦੀ ਹਿਜਰੀ ਵਿੱਚ ਜੋ ਹੁਣ ਖ਼ਤਮ ਹੋ ਚੁਕੀ ਹੈ, ਉਹ ਹਜ਼ਰਤ ਈਸਾ ਅਲੈਹਿ ਸਲਾਮ "ਨਬੀਉਲੱਾਹ" ਦੇ ਪ੍ਰਗਟ ਹੋਣ ਅਤੇ ਇਮਾਮ ਮਹਦੀ ਅਲੈਹਿ ਸਲਾਮ ਦੇ ਪ੍ਰਗਟ ਹੋਣ ਦੇ ਨ ਕੇਵਲ ਉਡੀਕਵਾਨ ਹਨ ਸਗੋਂ ਅੱਖਾਂ ਵਿਛਾਈ ਦੁਆਵਾਂ ਵਿੱਚ ਲੱਗੇ ਹੋਏ ਹਨ । ਇਹਨਾਂ ਦੋਹਾਂ ਰੂਹਾਨੀ ਵਜੂਦਾਂ ਦਾ ਆਉਣਾ ਮੌਲਵੀਆਂ ਅਨੁਸਾਰ ਅਕੀਦਾ ਖ਼ਤਮੇ ਨਬੁਵੱਤ ਦੇ ਵਿਪਰੀਤ ਤੇ ਖ਼ਿਲਾਫ਼ ਨਹੀਂ, ਜੱਦ ਕਿ ਹਜ਼ਰਤ ਈਸਾ ਅਲੈਹਿ ਸਲਾਮ ਨਬੀਉਲੱਾਹ ਹੋਣਗੇ ।

ਇਸਦੇ ਵਿਪਰੀਤ ਜਮਾਤ ਅਹਮਦੀਆ ਕੁਰਆਨ ਕਰੀਮ ਅਤੇ ਨਬੀ ਕਰੀਮ ਸਲਲੱਾਹੋ ਅਲੈਹਿ ਵਸਲੱਮ ਦੀਆਂ ਹਦੀਸਾਂ ਅਨੁਸਾਰ ਇਹ ਵਿਸ਼ਵਾਸ ਰਖੱਦੀ ਹੈ ਕਿ ਹਜ਼ਰਤ ਈਸਾ ਅਲੈਹਿ ਸਲਾਮ ਜੋ ਬਨੀ ਇਸਰਾਈਲ ਦੇ ਨਬੀ ਸਨ, ਉਹ ਨਬੀਆਂ ਦੀ ਸੁਨੱਤ ਅਨੁਸਾਰ ਫ਼ੌਤ ਹੋ ਚੁਕੇ ਹਨ । ਉਹ ਨ ਤਾਂ ਅਕਾਸ਼ ਉਪੱਰ ਜੀਉਂਦੇ ਹਨ ਅਤੇ ਨ ਹੀ ਇਸ ਸੰਸਾਰ ਵਿੱਚ ਪਰਤਕੇ ਆਉਣਗੇ । ਹਾਂ, ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੀਆਂ ਭਵਿੱਖਬਾਣੀਆਂ ਅਨੁਸਾਰ ਧਾਰਮਕ ਸੇਵਾ ਅਤੇ ਇਸਲਾਮ ਦੇ ਗ਼ਲਬੇ (ਉਨੱਤੀ) ਲਈ ਉਮੱਤੇ ਮੁਹਮੱਦੀਆ ਵਿੱਚੋਂ ਹੀ ਇਕ ਇਮਾਮ ਮਹਦੀ ਪ੍ਰਗਟ ਹੋਣਗੇ ਅਤੇ ਉਹੋ ਹੀ ਮਸੀਹ ਮੌਊਦ ਹੋਣਗੇ । ਜਿਵੇਂ ਕਿ ਬੁਖ਼ਾਰੀ ਸ਼ਰੀਫ਼ ਦੀ ਹਦੀਸ ਅਨੁਸਾਰ (اِمَامُكُمْ مِنْكُم) "ਇਮਾਮੁਕੁਮ ਮਿਨਕੁਮ"(ਅਰਥਾਤ, ਹੇ! ਮੁਸਲਮਾਨੋਂ!! ਤੁਹਾਡਾ ਇਮਾਮ ਤੁਹਾਡੇ ਵਿੱਚੋਂ ਹੀ ਹੋਵੇਗਾ ) (ਬੁਖ਼ਾਰੀ ਕਿਤਾਬੁਲ ਅੰਬਿਆ) ਅਤੇ ਇਬਨੇ ਮਾਜਾਹ ਦੀ ਹਦੀਸ (لَاالْمَهْدِیُ الاعِیْسٰی) "ਲਲਮਹਦੀੱਯੋ ਇਲੱਾ ਈਸਾ" ਕਿ ਈਸਾ ਤੋਂ ਬਿਨਾਂ ਕੋਈ ਮਹਦੀ ਮਊਦ ਨਹੀਂ । ਇਸ ਗੱਲ 'ਤੇ ਗਵਾਹ ਹਨ । ਇਸੇ ਪ੍ਰਕਾਰ

ਇਕ ਹੋਰ ਹਦੀਸ ਵਿੱਚ ਸਪਸ਼ਟ ਵਰਨਣ ਹੈ ਕਿ (يُوْشِكُ مَنْ عَاشَ مِنْكُمْ اَنْ يَّلْقٰى عِيْسٰى ابْنَ مَرْيَمَ اِمَاماً مَهْدِيّاً حَكَماً عَدْلاً) "ਯੂਸ਼ਿਕੋ ਮਨ ਆਸ਼ਾ ਮਿਨਕੁਮ ਅੰਯਲਕਾ ਈਸਬਨਾ ਮਰਯੱਮਾ ਇਮਾਮਮ ਮਹਦੀਯੰ ਹਕਮਨ ਅਦਲਨ" (ਮਸਨਦ ਅਹਮਦ ਬਿਨ ਹੰਬਲ ਭਾਗ 2 ਪੰਨਾ 411)

ਅਰਥਾਤ, ਸੰਭਵ ਹੈ ਕਿ ਤੁਹਾਡੇ ਵਿੱਚੋਂ ਜੋ ਜਿਊਂਦਾ ਰਹੇ ਉਹ ਈਸਾ ਬਿਨ ਮਰਯੱਮ ਨੂੰ ਮਿਲੇ ਜੋ ਇਮਾਮ ਮਹਦੀ ਹੋਣਗੇ ਅਤੇ ਹਕਮ ਤੇ ਅਦਲ ਹੋਣਗੇ। ਭਾਵ ਇੰਸਾਫ਼ ਨਾਲ ਫ਼ੈਸਲਾ ਕਰਨ ਵਾਲੇ ਹੋਣਗੇ ।

ਇਸੇ ਪ੍ਰਕਾਰ ਉਮੱਤੇ ਮੁਹਮੱਦੀਆ ਵਿੱਚ ਆਉਣ ਵਾਲੇ ਮਸੀਹ ਮਊਦ ਨੂੰ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਨੇ "ਨਬੀਉਲੱਾਹ" ਕਿਹਾ ਹੈ (ਮੁਸਲਿਮ ਬਾਬ ਜ਼ਿਕਰੁਦੱਜੱਾਲ) । ਉਪਰੋਕਤ ਵਰਣਤ ਹਦੀਸਾਂ ਤੋਂ ਪਤਾ ਲਗਦਾ ਹੈ ਕਿ ਆਉਣ ਵਾਲਾ ਮਊਦ (ਇਮਾਮ ਮਹਦੀ) ਕੇਵਲ ਇਕ ਹੈ, ਦੋ ਵਜੂਦ ਨਹੀਂ, ਸਗੋਂ ਇੱਕੋ ਵਜੂਦ ਦੇ ਦੋ ਨਾਂ ਹੋਣਗੇ। ਅਜਿਹੇ ਮਊਦ(ਜਿਸਦਾ ਵਾਅਦਾ ਕੀਤਾ ਗਿਆ ਹੈ) ਸੁਧਾਰਕ ਦਾ ਆਉਣਾ ਖ਼ਤਮੇ ਨਬੁਵੱਤ ਦੇ ਅਕੀਦੇ ਦੇ ਖ਼ਿਲਾਫ਼ ਨਹੀਂ । ਕਿਉਂਕਿ ਉਹ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਤਾਬਿਆ ਅਤੇ ਬਿਨਾ ਸ਼ਰੀਅਤ ਦੇ ਨਬੀ ਹੋਵੇਗਾ । ਉਸਦਾ ਆਉਣਾ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੀਆਂ ਬਸ਼ਾਰਤਾਂ ਅਤੇ ਭਵਿੱਖਬਾਣੀਆਂ ਅਨੁਸਾਰ ਹੋਵੇਗਾ । ਇਸ ਦ੍ਰਿਸ਼ਟੀਕੋਣ ਤੋਂ ਅਹਮਦੀਆ ਮੁਸਲਿਮ ਜਮਾਤ ਅਤੇ ਆਮ ਮੁਸਲਮਾਨਾ ਵਿੱਚ ਇਸ ਗੱਲ 'ਤੇ ਮਤਿਭੇਦ ਨਹੀਂ ਕਿ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਖ਼ਾਤਾਮਨ ਨਬੀਯੀਨ ਹੋਣ ਕਰਕੇ ਕੋਈ ਮਊਦ ਸੁਧਾਰਕ ਨਹੀਂ ਆਏਗਾ । ਸੁਧਾਰਕ ਦੇ ਆਉਣ ਬਾਰੇ ਦੋਵੇਂ ਹੀ ਸਹਿਮਤ ਹਨ । ਮਤਿਭੇਦ ਕੇਵਲ ਸ਼ਖ਼ਸੀਅਤ ਅਤੇ ਉਸਦੇ ਪ੍ਰਗਟ ਹੋਣ ਵਿੱਚ ਹੈ। (ਕਿਉਂਕਿ ਆਮ ਮੁਸਲਮਾਨ ਇਹ ਵਿਸ਼ਵਾਸ ਰੱਖਦੇ ਹਨ ਕਿ ਪੁਰਾਣਾ ਨਬੀ ਭਾਵ ਹਜ਼ਰਤ ਈਸਾ ਅਲੈਹਿ ਸਲਾਮ ਮੁਸਲਮਾਨਾਂ ਦੇ ਸੁਧਾਰ ਲਈ ਆਸਮਾਨ ਤੋਂ ਉਤਰਨਗੇ ਜੱਦਕਿ ਅਹਮਦੀਆ ਮੁਸਲਿਮ ਜਮਾਤ ਦਾ ਵਿਸ਼ਵਾਸ ਹੈ ਕਿ ਹਜ਼ਰਤ ਈਸਾ ਅਲੈਹਿ ਸਲਾਮ ਸਾਰੇ ਨਬੀਆਂ ਵੇਂਗ ਆਪਣਾ

ਕੰਮ ਪੂਰਾ ਕਰਕੇ ਫ਼ੌਤ ਹੋ ਚੁਕੇ ਹਨ । ਹੁਣ ਜੋ ਵੀ ਸੁਧਾਰਕ ਮੁਸਲਮਾਨਾਂ ਵਿੱਚ ਆਏਗਾ ਉਹ ਸਾਰੇ ਨਪੀਆਂ ਵਾਂਗ ਮਾਂ ਦੀ ਕੁੱਖੋਂ ਹੀ ਪੈਦਾ ਹੋਵੇ ਗਾ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦੀ ਉਮੱਤ ਵਿੱਚੋਂ ਹੀ ਹੋਵੇਗਾ ਜੋ ਆਪ ਜੀ ਦਾ ਉਮੱਤੀ ਤੇ ਸੇਵਾਦਾਰ ਹੋਵੇਗਾ ।

ਮੇਰੇ ਭਰਾਓ ! ਉਪਰੋਕਤ ਗੱਲ ਤਾਂ ਹਦੀਸ ਅਨੁਸਾਰ ਕੀਤੀ ਗਈ ਹੈ । ਉਂਝ ਵੀ ਜੇਕਰ ਅਕਲੀ ਤੌਰ'ਤੇ ਵਿਚਾਰੀਏ ਕਿ ਕੀ ਹਜਰਤਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦੀ ਸ਼ਾਨ ਇਸ ਵਿੱਚ ਹੈ ਕਿ ਮੁਸਲਮਾਨਾਂ ਦੇ ਵਿਗਾੜ ਤੋਂ ਬਾਦ ਆਪ ਜੀ ਦੀ ਉਮੱਤ ਦੇ ਸੁਧਾਰ ਲਈ ਕਿਸੇ ਹੋਰ ਉਮੱਤ ਦੇ ਨਬੀ ਲੋੜ ਹੈ ਜਾਂ ਆਪ ਜੀ ਦੀ ਉਮੱਤ ਦਾ ਕੋਈ ਸੇਵਾਦਾਰ ਆਪ ਦੀ ਉਮੱਤ ਦਾ ਸੁਧਾਰ ਕਰੇ। ਹਰ ਸੂਝਵਾਨ ਦਾ ਇਹੋ ਉਤੱਰ ਹੋਵੇਗਾ ਕਿ ਆਪ ਜੀ ਦਾ ਉਮੱਤੀ ਤੇ ਗ਼ੁਲਾਮ ਮੁਸਲਮਾਨਾਂ ਦਾ ਸੁਧਾਰ ਕਰੇ । ਸਗੋਂ ਇਸ ਗੱਲ ਵਿੱਚ ਸਾਡੇ ਨਬੀ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੋ ਅਲੈਹਿ ਵਸਲੱਮ ਦਾ ਅਪਮਾਨ ਹੈ ਕਿ ਕੋਈ ਦੂਸਰੀ ਕੌਮ ਦਾ ਨਬੀ ਆਣ ਕਰਕੇ ਆਪ ਦੀ ਉਮੱਤ ਦਾ ਸੁਧਾਰ ਕਰੇ । ਅਨੁਵਾਦਕ ।)

ਕਿਉਂਕਿ ਇਹ ਗੱਲ ਸਪਸ਼ਟ ਹੈ ਕਿ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਖ਼ਾਤਾਮਨ ਨਬੀਯੀਨ ਹੁੰਦਿਆਂ ਹੋਇਆਂ ਅਤੇ ਕੁਰਆਨ ਮਜੀਦ ਦੀ ਸੰਪੂਰਨ ਸ਼ਰੀਅਤ ਹੁੰਦਿਆਂ ਹੋਇਆਂ ਮੌਲਵੀ ਅਤੇ ਆਮ ਮੁਸਲਮਾਨ ਹਜ਼ਰਤ ਈਸਾ ਨਬੀਉਲੱਾਹ ਦੇ ਪ੍ਰਗਟ ਹੋਣ ਅਤੇ ਅਤੇ ਇਮਾਮ ਮਹਦੀ ਅਲੈਹਿ ਸਲਾਮ ਦੇ ਪ੍ਰਗਟ ਹੋਣ ਦੇ ਉਡੀਕਵਾਨ ਹਨ ਅਤੇ ਖ਼ਤਮੇ ਨਬੁਵੱਤ ਦਾ ਅਕੀਦਾ ਰੱਖਦਿਆਂ ਹੋਇਆਂ ਦੋ ਵਜੂਦਾਂ ਦੇ ਆਉਣ ਦੇ ਮਨਣ ਵਾਲੇ ਹਨ । ਜਿੰਨਾ ਵਿੱਚ ਹਜ਼ਰਤ ਈਸਾ ਅਲੈਹਿ ਸਲਾਮ ਜੋ ਨਬੀਉਲੱਾਹ ਹਨ, ਸ਼ਾਮਲ ਹਨ । ਪਰ ਅਹਮਦੀਆ ਮੁਸਲਿਮ ਜਮਾਤ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੀ ਖ਼ਤਮੇ ਨਬੁਵੱਤ 'ਤੇ ਈਮਾਨ ਰੱਖਦਿਆਂ ਹੋਇਆਂ ਕੁਰਆਨ ਮਜੀਦ ਅਤੇ ਨਬੀ ਕਰੀਮ ਦੀਆਂ ਹਦੀਸਾਂ ਅਨੁਸਾਰ ਕੇਵਲ ਇਕ 'ਮਉਦ ਸੁਧਾਰਕ' ਦੇ ਪ੍ਰਗਟ ਹੋਣ ਦੀ ਕਾਇਲ ਹੈ, ਜੋ ਇਮਾਮ ਮਹਦੀ ਤੇ ਮਸੀਹ ਮਉਦ ਹੈ। ਪਰ ਦੋਹਾਂ ਸੂਰਤਾਂ ਵਿੱਚ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦਾ ਤਾਬਿਆ ਅਤੇ ਗ਼ੁਲਾਮ ਹੈ । ਹੁਣ ਕੇਵਲ ਇਹ

ਫਰਕ ਰਹਿ ਜਾਂਦਾ ਹੈ ਕਿ ਮੌਲਵੀ ਅਤੇ ਆਮ ਮੁਸਲਮਾਨ ਉਹਨਾਂ ਦੋ ਮਊਦ ਵਜੂਦਾਂ ਦੇ ਉਡੀਕਵਾਨ ਹਨ ਅਤੇ ਜਮਾਤ ਅਹਮਦੀਆ ਇਸ ਗੱਲ ਤੇ ਵਿਸ਼ਵਾਸ ਰੱਖਦੀ ਹੈ ਕਿ ਉਹ ਮਊਦ ਸੁਧਾਰਕ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਕਾਦੀਆਨੀ ਅਲੈਹਿ ਸਲਾਮ ਦੇ ਵਜੂਦ ਵਿੱਚ ਪ੍ਰਗਟ ਹੋ ਚੁਕਾ ਹੈ, ਜਿਵੇਂ ਕਿ ਆਪ ਨੇ ਘੋਸ਼ਣਾ ਕੀਤੀ :-

"ਮੈਂਨੂੰ ਰੱਬ ਦੀ ਪਾਕ ਵਹੀ (ਬਾਣੀ) ਰਾਹੀਂ ਸੂਚਨਾ ਦਿਤੀ ਗਈ ਹੈ ਕਿ ਮੈਂ ਉਸ ਵੱਲੋਂ ਮਸੀਹ ਮਊਦ ਅਤੇ ਮਹਦੀ ਮਊਦ ਹਾਂ ਅਤੇ ਅੰਦਰੂਨੀ ਤੇ ਬਾਹਰੀ ਮਤਿਭੇਦਾਂ ਦਾ ਹਕਮ (ਨਿਆ ਕਰਨ ਵਾਲਾ) ਹਾਂ।" (ਅਰਬਾਈਨ ਨੰ.1 ਪੰਨਾ 3)

ਫਿਰ ਹਲਫ਼ੀਆ ਲਿਖਦੇ ਹਨ:-

"ਮੈਂ ਖ਼ੁਦਾ ਤਆਲਾ ਦੀ ਸਹੁੰ ਖਾਕੇ ਲਿਖਦਾ ਹਾਂ ਜਿਸਦੇ ਕਬਜ਼ੇ ਵਿੱਚ ਮੇਰੀ ਜਾਨ ਹੈ ਕਿ ਮੈਂ ਉਹੋ ਮਸੀਹ ਮਊਦ ਹਾਂ ਜਿਸਦੀ ਰਸੂਲੁਲੱਾਹ ਸਲਲੱਾਹੋ ਅਲੈਹਿ ਵਸਲੱਮ ਨੇ ਹਦੀਸਾਂ ਵਿੱਚ ਖ਼ਬਰ ਦਿਤੀ ਹੈ, ਜੋ ਸਹੀ ਬੁਖ਼ਾਰੀ, ਮੁਸਲਿਮ ਅਤੇ ਹੋਰਨਾ ਹਦੀਸ ਦੀਆਂ ਕਿਤਾਬਾਂ ਵਿੱਚ ਦਰਜ ਹਨ ।(وَكَفٰى بِاللّٰهِ شَهِيْدًا) ਵ ਕਫ਼ਾ ਬਿਲੱਾਹੇ ਸ਼ਹੀਦਾ ।"(ਮਲਫ਼ੂਜ਼ਾਤ ਭਾਗ ਪਹਿਲਾ ਪੰਨਾ 313 )

ਇਸੇ ਪ੍ਰਕਾਰ ਫ਼ਰਮਾਇਆ :-"ਜੇਕਰ ਮੈਂ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੀ ਉਮੱਤ ਨ ਹੁੰਦਾ ਅਤੇ ਆਪ ਦੀ ਪੈਰ੍ਹਵੀ ਨ ਕਰਦਾ ਤਾਂ ਜੇਕਰ ਦੁਨੀਆ ਦੇ ਸਾਰੇ ਪਹਾੜਾਂ ਦੇ ਬਰਾਬਰ ਮੇਰੇ ਕਰਮ ਹੁੰਦੇ ਤਾਂ ਫਿਰ ਵੀ ਮੈਂ ਕਦੇ ਵੀ ਮੁਕਾਲਮਾ ਤੇ ਮੁਖ਼ਾਤਬਾ (ਰੱਬੀ ਕਲਾਮ ਤੇ ਵਾਰਤਾਲਾਪ) ਨ ਪ੍ਰਾਪਤ ਕਰਦਾ । ਅਰਥਾਤ ਮੇਰੇ 'ਤੇ ਇਲਾਹੀ ਬਾਣੀ ਨ ਉਤਰਦੀ ਕਿਉਂਕਿ ਮੁਹਮੱਦੀ ਨਬੁਵੱਤ ਤੋਂ ਬਿਨਾਂ ਸਾਰੀਆਂ ਨਬੁਵੱਤਾਂ ਬੰਦ ਹਨ । ਸ਼ਰੀਅਤ ਵਾਲਾ ਨਬੀ, ਕੋਈ ਨਹੀਂ ਆ ਸਕਦਾ । ਬਿਨਾਂ ਸ਼ਰੀਅਤ ਦੇ ਨਬੀ ਹੋ ਸਕਦਾ ਹੈ, ਪਰ ਉਹੋ ਜੋ ਪਹਿਲਾਂ ਉਮੱਤੀ ਹੋਵੇ ।" (ਤਜਲੀਯਾਤੇ ਇਲਾਹੀਯਹ ਪੰਨਾ 25)

ਫਿਰ ਫ਼ਰਮਾਇਆ,"ਮੈਂ ਮਸੀਹ ਮਊਦ ਹਾਂ, ਅਤੇ ਉਹੋ ਹਾਂ ਜਿਸਦਾ ਨਾਂ ਸਰਵਰੇ ਅੰਬਿਆ ਸਲਲੱਾਹੋ ਅਲੈਹਿ ਵਸਲੱਮ ਨੇ ਨਬੀਉਲੱਾਹ ਰੱਖਿਆ ਹੈ ।"(ਨਜ਼ੂਲੁਲ ਮਸੀਹ ਪੰਨਾ 48 )

5.

# ਖ਼ਤਮੇ ਨਬੁਵੱਤ ਦਾ ਇਨਕਾਰੀ ਕੌਣ ਹੈ ?

ਪਿਆਰੇ ਭਰਾਓ !! ਉਪੱਰ ਅਸੀਂ ਖ਼ਤਮੇ ਨਬੁਵੱਤ ਅਤੇ ਮਸੀਹ ਮਊਦ ਦੇ ਆਉਣ ਬਾਰੇ ਅਹਮਦੀਆ ਮੁਸਲਿਮ ਜਮਾਤ ਅਤੇ ਹੋਰਨਾ ਮੁਸਲਮਾਨ ਮੌਲਵੀਆਂ ਦਾ ਮੰਤਵ ਅਤੇ ਅਕੀਦਾ ਦਸ ਚੁਕੇ ਹਾਂ ਕਿ ਦੋਵੇਂ ਧਿਰਾਂ ਹੀ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੀ "ਖ਼ਤਮੇ ਨਬੁਵੱਤ" ਉਪੱਰ ਈਮਾਨ (ਵਿਸ਼ਵਾਸ) ਰਖੱਦਿਆਂ ਹੋਇਆਂ ਇਸ ਜ਼ਮਾਨੇ ਵਿੱਚ ਇਕ 'ਇਮਾਮ ਮਹਦੀ ਤੇ ਮਸੀਹ ਮਊਦ' ਦੇ ਪ੍ਰਗਟ ਹੋਣ ਦੇ ਕਾਇਲ ਹਨ । ਹਦੀਸਾਂ ਅਨੁਸਾਰ ਉਹ ਮਸੀਹ ਮਊਦ ਨਬੀਉਲੱਾਹ ਹੈ। ਅੰਤਰ ਕੇਵਲ ਇਹ ਹੈ ਕਿ ਗ਼ੈਰ ਅਹਮਦੀ ਮੌਲਵੀ ਇਸ ਨਬੀ ਦੇ ਉਮੱਤੇ ਮੁਹਮੱਦੀਆ ਦੇ ਬਾਹਰੋਂ ਅਰਥਾਤ ਬਨੀ ਇਸਰਾਈਲ ਵਿੱਚੋਂ ਆਉਣਾ ਮਨਦੇ ਹਨ ਜਦਕਿ ਜਮਾਤ ਅਹਮਦੀਆ ਇਹ ਅਕੀਦਾ ਰੱਖਦੀ ਹੈ ਕਿ ਉਹ ਮਸੀਹ ਮਊਦ ਉਮੱਤੇ ਮੁਹਮੱਦੀਆ ਵਿੱਚੋਂ ਹੋਵੇਗਾ ਅਤੇ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦਾ ਗ਼ੁਲਾਮ ਅਤੇ ਰੂਹਾਨੀ ਸਪੁਤੱਰ ਹੋਵੇਗਾ । ਜੇਕਰ ਉਪਰੋਕਤ ਅਕੀਦਾ ਰਖੱਣ ਕਰਕੇ ਅਹਮਦੀਆ ਮੁਸਲਿਮ ਜਮਾਤ ਨੂੰ ਖ਼ਤਮੇ ਨਬੁਵੱਤ ਦਾ ਇਨਕਾਰੀ ਅਤੇ ਗ਼ੈਰ ਮੁਸਲਿਮ ਕਿਹਾ ਜਾਂਦਾ ਹੈ ਤਾਂ ਗ਼ੈਰ ਅਹਮਦੀ ਮੌਲਵੀਆਂ ਦੇ ਮੰਤਵ ਤੇ ਅਕੀਦੇ ਨੂੰ ਸਮੁੱਖ ਰੱਖਦਿਆਂ ਹੋਇਆਂ, ਕੀ ਠੰਡੇ ਦਿਮਾਗ ਤੇ ਈਮਾਨਦਾਰੀ ਨਾਲ ਸੋਚਣ ਵਾਲੀ ਗੱਲ ਨਹੀਂ ਕਿ:-

1. ਜੋ ਵਿਅਕਤੀ ਇਹ ਅਕੀਦਾ ਰਖੱਦਾ ਹੋਵੇ ਕਿ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਬਾਦ ਹਜ਼ਰਤ ਈਸਾ ਅਲੈਹਿ ਸਲਾਮ ਜੋ ਅਲੱਾਹ ਤਆਲਾ ਦੇ

ਨਬੀ ਹਨ, ਆਉਣ ਵਾਲੇ ਹਨ । ਉਹ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੀ ਖ਼ਤਮੇ ਨਬੁਵੱਤ ਦਾ ਮਨਣ ਵਾਲਾ ਕਿਵੇਂ ਰਹਿ ਸਕਦਾ ਹੈ ?

2. ਜੇਕਰ ਬਨੀ ਇਸਰਾਈਲ ਦਾ ਨਬੀ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਬਾਦ ਆ ਸਕਦਾ ਹੈ ਤਾਂ ਖ਼ਤਮੇ ਨਬੁਵੱਤ ਕਿਵੇਂ ਹੋਈ ? ਇਹ ਤਾਂ ਨਿਰਾ ਧੋਖਾ ਦੇਣ ਜਾਂ ਧੋਖਾ ਖਾਣ ਵਾਲੀ ਗੱਲ ਹੈ ਕਿਉਂਕਿ ਜੇਕਰ ਵਾਸਤਵ ਵਿੱਚ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਬਾਦ ਕਿਸੇ ਨਬੀ ਦੀ ਲੋੜ ਨਹੀਂ ਤਾਂ ਫਿਰ ਹਜ਼ਰਤ ਈਸਾ ਕਿਸ ਲਈ ਆਉਣਗੇ ?

3. ਜਿਹੜਾ ਵਿਅਕਤੀ ਦੁਨੀਆ ਨੂੰ ਇਕ ਪਾਸੇ ਤਾਂ ਇਹ ਦਸਦਾ ਹੋਵੇ ਕਿ ਨਬੁਵੱਤ ਦਾ ਦਰਵਾਜਾ ਬੰਦ ਹੋ ਚੁਕਿਆ ਹੈ ਅਤੇ ਦੂਜੇ ਪਾਸੇ ਇਹ ਕਹਿੰਦਾ ਹੋਵੇ ਕਿ ਈਸਾ ਅਲੈਹਿ ਸਲਾਮ ਜੋ ਪਹਿਲਾਂ ਹੀ ਨਬੀ ਹਨ ਆਉਣ ਵਾਲੇ ਹਨ, ਕੀ ਉਹ ਮੁਸਲਮਾਨਾਂ ਦੇ ਪੈਰ੍ਹ ਦੋ ਬੇੜੀਆਂ ਵਿੱਚ ਰੱਖ ਕੇ ਉਹਨਾਂ ਨੂੰ ਹਲਾਕ (ਨਸ਼ਟ) ਕਰਨ ਦਾ ਜਤਨ ਨਹੀਂ ਕਰਦਾ ? ਜੇਕਰ ਹਜ਼ਰਤ ਈਸਾ ਅਲੈਹਿ ਸਲਾਮ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਬਾਦ ਆ ਜਾਣ ਤਾਂ ਵਾਸਤਵ ਵਿੱਚ ਅੰਤਮ ਨਬੀ ਅਤੇ ਖ਼ਾਤਾਮਨ ਨਬੀਯੀਨ ਹਜ਼ਰਤ ਈਸਾ ਹੋ ਜਾਣਗੇ ਕਿਉਂਕਿ ਉਹਨਾਂ ਦੇ ਮਗਰੋਂ ਫਿਰ ਕੋਈ ਨਬੀ ਨਹੀਂ ਆਏਗਾ ।

4. ਮੌਲਵੀਆਂ ਦਾ ਕੇਵਲ ਇਹ ਆਖ ਦੇਣਾ ਕਿ 'ਹਜ਼ਰਤ ਈਸਾ ਅਲੈਹਿ ਸਲਾਮ ਪੁਰਾਣੇ ਨਬੀ ਹਨ ਇਸ ਲਈ ਉਹ ਆ ਸਕਦੇ ਹਨ । ਨਵਾਂ ਨਬੀ ਨਹੀਂ ਆ ਸਕਦਾ', ਬਹੁਤ ਹੀ ਧੋਖਾ ਦੇਣ ਵਾਲੀ ਗੱਲ ਹੈ । ਜੇਕਰ ਖ਼ਤਮੇ ਨਬੁਵੱਤ ਦੇ ਇਹ ਅਰਥ ਹਨ ਕਿ ਨਬੁਵੱਤ ਦਾ ਦਰਵਾਜਾ ਬਿਲਕੁਲ ਬੰਦ ਹੈ ਤਾਂ ਫਿਰ ਨਵੇਂ ਜਾਂ ਪੁਰਾਣੇ ਨਬੀ ਦੇ ਆਉਣ ਦੇ ਕੀ ਅਰਥ ਹੋਏ ? ਇਸ ਦੀ ਉਦਾਹਰਣ ਤਾਂ ਇਉਂ ਹੈ ਜਿਵੇਂ ਡਾ. ਕਿਸੇ ਰੋਗੀ ਨੂੰ ਆਖੇ ਕਿ ਚੌਲ੍ਹ ਨ ਖਾਇਓ, ਇਹ ਤੁਹਾਡੀ ਸਿਹਤ ਲਈ ਹਾਨੀਕਾਰਕ ਹੈ । ਕੋਈ ਅਕਲ ਦਾ ਧਨੀ ਇਹ ਆਖਣ ਲੱਗ ਜਾਵੇ ਕਿ ਡਾ. ਦਾ ਮੰਤਵ ਇਹ ਸੀ ਕਿ ਤਾਜ਼ਾ ਚੌਲ੍ਹ ਪਕਾਕੇ ਨ ਖਾਦੇ ਜਾਣ । ਸਗੋਂ ਡਾ. ਦੇ ਮਨਾਂ ਕਰਨ ਤੋਂ ਪਹਿਲਾਂ ਪਕੇ ਹੋਏ ਚੌਲ੍ਹ ਭਾਵੇਂ ਖਾ ਲਏ ਜਾਣ । ਉਹ ਸਿਹਤ ਲਈ ਲਾਹੇਵੰਦ ਰਹਿਣਗੇ । ਸੋ, ਇਹਨਾਂ ਮੌਲਵੀਆਂ ਨੂੰ ਕੋਈ ਪੁੱਛੇ ਤਾਂ ਸਹੀ ਕਿ

ਖ਼ਾਤਾਮਨ ਨਬੀਯੀਨ ਦੀ ਆਇਤ ਵਿੱਚ ਉਹ ਕਿਹੜਾ ਸ਼ਬਦ ਹੈ ਜਿਸ ਦੇ ਇਹ ਅਰਥ ਹਨ ਕਿ ਨਵਾਂ ਨਬੀ ਪੈਦਾ ਨਹੀਂ ਹੋਵੇਗਾ , ਹਾਂ ਪੁਰਾਣਾ ਆ ਸਕਦਾ ਹੈ ?

5. ਜਿਹੜਾ ਵਿਅਕਤੀ ਬਨੀ ਇਸਰਾਈਲ ਦੇ ਨਬੀ ਦਾ ਆਉਣਾ ਖ਼ਤਮੇ ਨਬੁਵੱਤ ਦੇ ਖ਼ਿਲਾਫ਼ ਨਹੀਂ ਸਮਝਦਾ ਉਸਨੂੰ ਮਨਣਾ ਪਵੇਗਾ ਕਿ ਜਦ ਹਜ਼ਰਤ ਈਸਾ ਅਲੈਹਿ ਸਲਾਮ ਆਉਣਗੇ ਤਾਂ ਮੁਸਲਮਾਨ ਤਾਂ ਨਮਾਜ਼ ਲਈ ਮਸਜਿਦ ਵੱਲ ਜਾਣਗੇ ਅਤੇ ਹਜ਼ਰਤ ਈਸਾ ਆਪਣੀ ਮੂਸਵੀ ਸ਼ਰੀਅਤ ਅਨੁਸਾਰ ਕਲੀਸਾ (ਗਿਰਜੇ) ਵੱਲ ਜਾਣਗੇ । ਜੱਦ ਮੁਸਲਮਾਨ ਕੁਰਆਨ ਕਰੀਮ ਪੜ੍ਹਨਗੇ ਤਾਂ ਉਹ ਤੌਰਾਤ ਅਤੇ ਇੰਜੀਲ ਦਾ ਅਧਿਅਨ ਕਰਨਗੇ । ਜੱਦ ਮੁਸਲਮਾਨ ਇਬਾਦਤ ਲਈ ਬੈਤੁਲੱਾਹ ਵੱਲ ਮੂੰਹ ਕਰਨਗੇ ਤਾਂ ਉਹ ਆਪਣੇ ਕਿਬਲਹ ਬੈਤੁਲ ਮੁਕਦੱਸ ਵੱਲ ? ਕੀ ਇਸਲਾਮ ਲਈ ਇਹ ਮੁਸੀਬਤ ਦੇ ਦਿਨ ਵੀ ਬਾਕੀ ਹਨ ਕਿ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਬਾਦ ਕੋਈ ਅਜਿਹਾ ਨਬੀ ਆਏਗਾ ਜੋ ਪਹਿਲਾਂ ਤੋਂ ਹੀ ਨਬੀ ਹੋਣ ਕਰਕੇ ਆਪਦੀ ਖ਼ਤਮੇ ਨਬੁਵੱਤ ਦੀ ਮੁਹਰ ਭੰਨ ਦੇਵੇਗਾ ਅਤੇ ਆਪ ਦੀ ਵੱਡਿਆਈ "ਖ਼ਾਤਾਮੁਲ ਅੰਬਿਆ" ਆਪ ਤੋਂ ਖੋਹ ਲਏਗਾ ਅਤੇ ਆਪ ਜੀ ਦੀ ਪੈਰ੍ਹਵੀ ਤੋਂ ਨਹੀਂ ਸਗੋਂ ਸਿਧੱਾ ਹੀ ਨਬੁਵੱਤ ਦਾ ਸਥਾਨ ਰਖੱਦਾ ਹੋਵੇਗਾ ।.....?

6. ਜੇਕਰ ਇਹ ਕਿਹਾ ਜਾਵੇ ਕਿ ਹਜ਼ਰਤ ਈਸਾ ਅਲੈਹਿ ਸਲਾਮ ਆਪਣੇ ਦੁਬਾਰਾ ਆਉਣ ਤੇ ਨਬੀ ਨਹੀਂ ਹੋਣਗੇ ਤਾਂ ਕੀ ਅਜਿਹਾ ਕਹਿਣ ਵਾਲਾ ਹਜ਼ਰਤ ਈਸਾ ਦੀ ਨਬੁਵੱਤ ਦਾ ਇਨਕਾਰੀ ਬਣ ਕੇ ਕੁਫ਼ਰ ਕਰਨ ਵਾਲਾ ਨਹੀਂ ਹੋਵੇਗਾ ? ਜ਼ਰਾ ਸੋਚੋ !....? ਕਿ ਕਿਹੜੇ ਜੁਰਮ ਕਰਕੇ ਹਜ਼ਰਤ ਈਸਾ ਅਲੈਹਿ ਸਲਾਮ ਦੀ ਨਬੁਵੱਤ ਖੋਹ ਲਈ ਜਾਵੇਗੀ ? ਕੀ ਨਬੀਆਂ ਵਿੱਚੋਂ ਕਿਸੇ ਇਕ ਦੀ ਵੀ ਉਦਾਹਰਣ ਪੇਸ਼ ਕੀਤੀ ਜਾ ਸਕਦੀ ਹੈ ਕਿ ਉਸਦੀ ਨਬੁਵੱਤ ਉਸਦੇ ਜੀਵਨ ਵਿੱਚ ਹੀ ਖੋਹ ਲਈ ਗਈ ਹੋਵੇ ?

7. ਜੇਕਰ ਹਜ਼ਰਤ ਈਸਾ ਅਲੈਹਿ ਸਲਾਮ ਨਬੀ ਰਹਿੰਦਿਆਂ ਹੋਇਆਂ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਉਮੱਤੀ ਹੋਣਗੇ ਤਾਂ ਪਤਾ ਲਗੱਾ ਕਿ ਜੇਕਰ ਕੋਈ ਮਨੁੱਖ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦਾ ਉਮੱਤੀ ਰਹਿਕੇ ਨਬੀ ਵੀ ਰਹੇ ਤਾਂ ਅਜਿਹੇ ਉਮੱਤੀ ਨਬੀ ਦੇ ਆਉਣ ਦਾ ਅਕੀਦਾ ਖ਼ਤਮੇ ਨਬੁਵੱਤ

ਦੇ ਖ਼ਿਲਾਫ਼ ਨਹੀਂ !! ਭਾਵ ਕਿਸੇ ਨਬੀ ਨੂੰ ਆਪਣੀਆਂ ਸੋਚਾਂ ਤੇ ਵਿਚਾਰਾਂ ਅਨੁਸਾਰ ਉਮੱਤੀ ਬਣਾ ਕੇ ਉਸਦਾ ਅਪਮਾਨ ਕਰਨ ਤੋਂ ਚੰਗਾ ਨਹੀਂ ਕਿ ਅਸੀਂ ਇਹ ਅਕੀਦਾ ਰਖੀਏ ਕਿ ਕਿਸੇ ਉਮੱਤੀ ਨੇ ਹੀ ਕੁਰਆਨ ਮਜੀਦ ਅਤੇ ਹਦੀਸਾਂ ਦੀ ਸਿੱਖਿਆ ਅਨੁਸਾਰ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਰੂਹਾਨੀ ਸੋਮੇ ਅਤੇ ਪੈਰ੍ਹਵੀ ਰਾਹੀਂ ਉਮੱਤੀ ਨਬੁਵੱਤ ਦਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਆਪ ਇਕ ਜੀਉਂਦੇ ਨਬੀ ਹਨ । ਆਪ ਜੀ ਦਾ ਰੂਹਾਨੀ ਸੋਮਾ ਸਦਾ ਜਾਰੀ ਤੇ ਸਦਾ ਸਲਾਮਤ ਹੈ ?

8. ਇਸ ਪ੍ਰਕਾਰ ਖ਼ਤਮੇ ਨਬੁਵੱਤ ਦਾ ਇਨਕਾਰੀ ਤਾਂ ਉਹ ਹੋਵੇਗਾ ਜੋ ਆਂਹਜ਼ਰਤ ਸਲਲੱਾਹੋ ਅਲੈਹਿ ਵਸਲਲੱਮ ਦੇ ਬਾਦ ਇਕ ਇਸਰਾਈਲੀ ਨਬੀ ਦੀ ਉਡੀਕ ਕਰਦਾ ਹੈ, ਨ ਕਿ ਉਹ ਜੋ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਦੇ ਨਬੁਵੱਤ ਦੇ ਨੂਰ ਦਾ ਵਾਰਸ ਆਪਜੀ ਦੇ ਕਿਸੇ ਰੂਹਾਨੀ ਸਪੁਤੱਰ ਨੂੰ ਸਵੀਕਾਰਦਾ ਹੈ, ਕਿਉਂਕਿ ਜੇਕਰ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ ਖ਼ਾਤਾਮਨ ਨਬੀੱਯੀਨ ਦੇ ਕਿਸੇ ਗ਼ੁਲਾਮ ਅਤੇ ਰੂਹਾਨੀ ਸਪੁਤੱਰ ਨੇ ਆਪਦੀ ਗ਼ੁਲਾਮੀ ਤੇ ਪੈਰ੍ਹਵੀ ਵਿੱਚ ਨਬੁਵੱਤ ਨੂੰ ਪ੍ਰਾਪਤ ਕਰ ਲਿਆ ਅਤੇ ਲਖੱਾਂ ਹੀ ਗ਼ੈਰ ਮੁਸਲਿਮ ਮਨੁਖੱਾਂ ਨੂੰ ਦੀਨਿ ਮੁਹਮੱਦੀ ਉਪੱਰ ਇਕਤੱਰ ਕਰ ਦਿਤੱਾ ਜੋ ਆਂਹਜ਼ਰਤ ਸਲਲੱਾਹੋ ਅਲੈਹਿ ਵਸਲੱਮ 'ਤੇ ਅਤਿਅੰਤ ਦਰੂਦ ਪੜ੍ਹਦੇ ਹਨ ਤਾਂ ਉਹ ਆਪ ਜੀ ਦੇ ਮਾਨ ਨੂੰ ਵਧਾਉਣ ਦਾ ਸਬਬ ਹੈ, ਘਟਾਉਣ ਦਾ ਨਹੀਂ !!

ਮਾਨਯੋਗ ਭਰਾਓ !! ਰੱਬ ਖ਼ਾਤਰ ਇਹਨਾਂ ਹਕੀਕਤਾਂ ਉਪੱਰ ਗ਼ੌਰ ਕਰੋ, ਕਿ ਖ਼ਤਮੇ ਨਬੁਵੱਤ ਦਾ ਇਨਕਾਰੀ ਕੌਣ ਹੈ ? ਕਿਹੜੀ ਧਿਰ ਦੀ ਸੋਚ "ਖ਼ਤਮੇ ਨਬੁਵੱਤ" ਦੇ ਅਕੀਦੇ ਦੇ ਵਿਪਰੀਤ ਤੇ ਖ਼ਿਲਾਫ਼ ਹੈ ? ਕਿਉਂਕਿ ਅੰਤ ਨੂੰ ਅਸੀਂ ਉਸੇ ਅਪਰਮ ਅਪਾਰ ਅਲੱਾਹ ਕੋਲ ਹਾਜ਼ਰ ਹੋਣਾ ਹੈ !!

ਅੰਤ ਵਿੱਚ ਅਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਉਸ ਕਲਾਮ ਦਾ ਕੁਝ ਭਾਗ ਪੇਸ਼ ਕਰਦੇ ਹਾਂ ਜੋ ਆਪ ਜੀ ਨੇ ਹਜ਼ਰਤ ਮੁਹਮੱਦ ਸਲੱਲਾਹੋ ਅਲੈਹਿ ਵਸੱਲ ਦੀ ਵੱਡਿਆਈ ਵਿੱਚ ਲਿੱਖਿਆ ਹੈ :-

ਵੋਹ ਪੇਸ਼ਵਾ ਹਮਾਰਾ ਜਿਸ ਸੇ ਹੈ ਨੂਰ ਸਾਰਾ ।
ਨਾਮ ਉਸਕਾ ਹੈ ਮੁਹਮੱਦ ਦਿਲਬਰ ਮੇਰਾ ਯਹੀ ਹੈ ।।

ਸਬ ਪਾਕ ਹੈਂ ਪਯੰਬਰ ਇਕ ਦੂਸਰੇ ਸੇ ਬਿਹਤਰ ।
ਲੇਕ ਅਜ਼ ਖ਼ੁਦਾਏ ਬਰਤਰ ਖ਼ੈਰੁਲਵਰਾ ਯਹੀ ਹੈ ।।

ਵੋਹ ਆਜ ਸ਼ਾਹੇ ਦੀਂ ਹੈ ਵੋਹ ਤਾਜੇ ਮੁਰਸਲੀਂ ਹੈ ।
ਵੋਹ ਤਯੱਬੋ ਅਮੀ ਹੈ ਉਸਕੀ ਸਨਾ ਯਹੀ ਹੈ ।।

ਉਸ ਨੂਰ ਪਰ ਫ਼ਿਦਾ ਹੂੰ ਉਸਕਾ ਹੀ ਮੈਂ ਹੁਆ ਹੂੰ ।
ਵੋਹ ਹੈ, ਮੈਂ ਚੀਜ਼ ਕਯਾ ਹੂੰ ਬਸ ਫ਼ੈਸਲਾ ਯਹੀ ਹੈ ।।

★★★★★★★★

ਵਧੇਰੇ ਜਾਨਕਾਰੀ ਲਈ ਸੰਪਕਰ ਕਰੋ :-


Nazarat Nashro Ishaat,
Sadr Anjuman Ahmadiyya
Qadian- 143516, Punjab, INDIA.
Ph. : 01872-222870, Fax: 220749
**Toll Free : 18001802131**